ਨੰ:10/80/2016-3ਐਫ.ਪੀ.2/1448321/1

ਪੰਜਾਬ ਸਰਕਾਰ

ਵਿੱਤ ਵਿਭਾਗ

(ਵਿੱਤ ਪ੍ਰਸੋਨਲ-2 ਸ਼ਾਖਾ)

ਮਿਤੀ,ਚੰਡੀਗੜ੍ਹ: 26-03-2019

ਸੇਵਾ ਵਿਖੇ

ਸਮੂਹ ਵਿਭਾਗਾਂ ਦੇ ਮੁੱਖੀ,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈ ਕੋਰਟ,
ਮੰਡਲਾਂ ਦੇ ਕਮਿਸ਼ਨਰ,
ਸਮੂਹ ਜਿਲ੍ਹਾਂ ਅਤੇ ਸੈਸ਼ਨਜ਼ ਜੱਜ,
ਸਮੂਹ ਡਿਪਟੀ ਕਮਿਸ਼ਨਰ,
ਪੰਜਾਬ ਰਾਜ ਵਿਚ।

ਵਿਸ਼ਾ: ਪੰਜਾਬ ਸਰਕਾਰ ਦੇ ਸਰੀਰਕ ਤੌਰ ਤੇ ਅਪੰਗ ਕਰਮਚਾਰੀਆਂ ਨੂੰ ਵੱਧ ਵਰ੍ਹਾਂ ਸੇਵਾ ਨਵਿਰਤੀ ਉਪਰੰਤ ਸੇਵਾਕਾਲ ਵਿੱਚ ਦੋ ਸਾਲ (ਸਾਲ-ਦਰ ਸਾਲ) ਦਾ ਆਪਸਨਲ ਵਾਧਾ ਦੇਣ ਸਬੰਧੀ ਸਪਸਟੀਕਰਨ।

*****

ਸ੍ਰੀਮਾਨ/ਸ੍ਰੀਮਤੀ ਜੀ ,

ਮੈਨੂੰ ਉਪਰੋਕਤ ਵਿਸੇ ਸਬੰਧੀ ਆਪ ਦਾ ਧਿਆਨ ਵਿੱਤ ਵਿਭਾਗ ਵਲੋਂ ਜਾਰੀ ਹਦਾਇਤਾਂ ਨੰ:10/80/16-3ਵਿ.ਪ੍ਰ.2/1383693/1 ਮਿਤੀ 01.01.2019 ਵੱਲ ਦਿਵਾਉਂਦੇ ਹੋਏ ਇਹ ਲਿਖਣ ਦੀ ਹਦਾਇਤ ਹੋਈ ਹੈ ਕਿ ਜਿਹੜੇ ਅਪੰਗ ਕਰਮਚਾਰੀ/ਅਧਿਕਾਰੀ ਇਨ੍ਹਾਂ ਹਦਾਇਤਾਂ ਦੇ ਜਾਰੀ ਹੋਣ ਤੋਂ ਪਹਿਲਾਂ ਸੇਵਾ ਮੁਕਤ ਹੋ ਚੁੱਕੇ ਹਨ, ਉਨ੍ਹਾਂ ਅਧਿਕਾਰੀਆਂ/ਕਰਮਚਾਰੀਆਂ ਨੂੰ ਇਨ੍ਹਾਂ ਹਦਾਇਤਾਂ ਦੇ ਅਧੀਨ ਸੇਵਾਕਾਲ ਵਿੱਚ ਆਪਸਨਲ ਵਾਧਾ ਨਹੀਂ ਦਿੱਤਾ ਜਾਣਾ ਹੈ। ਪਰੰਤੂ ਜਿਹੜੇ ਅੰਗਹੀਣ ਕਰਮਚਾਰੀ ਕਿਸੇ ਕੋਰਟ ਕੇਸ ਦੇ ਲੰਬਿਤ ਹੋਣ ਕਾਰਣ 60 ਸਾਲ ਦੀ ਸੇਵਾ ਉਪਰੰਤ ਸੇਵਾਮੁਕਤ ਨਹੀਂ ਕੀਤੇ ਗਏ ਸੀ ਜਾਂ ਸੇਵਾ ਵਿੱਚ ਆਪਸਨਲ ਵਾਧੇ ਤੇ ਚਲ ਰਹੇ ਹਨ, ਉਨ੍ਹਾਂ ਨੂੰ ਹੀ ਇਨ੍ਹਾਂ ਹਦਾਇਤਾਂ ਮਿਤੀ 1.1.2019 ਅਨੁਸਾਰ 60 ਸਾਲ ਦੀ ਉਮਰ ਉਪਰੰਤ ਆਪਸਨਲ ਵਾਧੇ ਦੀ ਮੰਨਜ਼ੂਰੀ ਦਿੱਤੀ ਜਾਣੀ ਹੈ।

2. ਇਨ੍ਹਾਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕੀਤੇ ਜਾਣ ਨੂੰ ਯਕੀਨੀ ਬਣਾਇਆ ਜਾਵੇ।

ਵਿਸਵਾਸਪਾਤਰ

(ਸੰਗੀਤਾ)

ਉਪ ਸਕੱਤਰ ਵਿੱਤ

ਪਿੰ.ਅੰ.ਨੰ:10/80/2016-3 ਐਫ.ਪੀ.2/1448321/2-3 ਮਿਤੀ, ਚੰਡੀਗੜ੍ਹ : 26-03-2019

ਇਸ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ:

(1) ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ ।

(2) ਸਮੂਹ ਵਿੱਤੀ ਕਮਿਸ਼ਨਰ, ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

ਉਪ ਸਕੱਤਰ ਵਿੱਤ

ਪਿੰ.ਅੰ.ਨੰ:10/80/2016-3 ਐਫ.ਪੀ.2/1448321/4-5 ਮਿਤੀ, ਚੰਡੀਗੜ੍ਹ : 26-03-2019

ਇਸ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ:

(1) ਪ੍ਰਮੁੱਖ ਮਹਾਂਲੇਖਾਕਾਰ (ਆਡਿਟ), ਪੰਜਾਬ,ਚੰਡੀਗੜ੍ਹ ।

(2) ਪ੍ਰਮੁੱਖ ਮਹਾਂਲੇਖਾਕਾਰ (ਲੇਖਾ ਤੇ ਹੱਕਦਾਰੀ), ਪੰਜਾਬ, ਚੰਡੀਗੜ੍ਹ ।

ਉਪ ਸਕੱਤਰ ਵਿੱਤ

ਪਿੰ.ਅੰ.ਨੰ:10/80/2016-3 ਐਫ.ਪੀ.2/1448321/6 ਮਿਤੀ, ਚੰਡੀਗੜ੍ਹ : 26-03-2019

ਇਸ ਦਾ ਉਤਾਰਾ ਰਾਜ ਦੇ ਸਮੂਹ ਜਿਲ੍ਹਾਂ ਖਜ਼ਾਨਾ ਅਫਸਰਾਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ।

ਸੁਪਰਡੰਟ 26/3/19

ਪਿੰ.ਅੰ.ਨੰ:10/80/2016-3 ਐਫ.ਪੀ.2/1448321/7 ਮਿਤੀ, ਚੰਡੀਗੜ੍ਹ : 26-03-2019

ਇਸ ਦਾ ਇਕ ਉਤਾਰਾ ਮੈਨੇਜਿੰਗ ਡਾਇਰੈਕਟਰ, ਪੰਜਾਬ ਇਨਫੋਟੈਕ ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਸਰਕਾਰ ਦੇ ਇਸ ਸਪਸਟੀਕਰਨ ਨੂੰ ਪੰਜਾਬ ਸਰਕਾਰ ਦੀ ਵੈਬਸਾਈਟ ਤੇ ਪਾਉਣ ਦੀ ਖੇਚਲ ਕੀਤੀ ਜਾਵੇ ਜੀ।

ਸੁਪਰਡੰਟ